## ਜਲੰਧਰ, 30 ਜੂਨ, 2008

### ਅੰਮ੍ਰਿਤਸਰ ਦੇ ਵਿਕਾਸ ਲਈ-75 ਕਰੋੜ

ਅੰਮ੍ਰਿਤਸਰ, 1 ਜੂਨ-ਪੰਜਾਬ ਦੇ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਨੇ ਅੰਮ੍ਰਿਤਸਰ ਨਗਰ ਨਿਗਮ ਵਲੋਂ ਸ਼ਹਿਰ ਵਿਚੋਂ ਕੂੜਾਂ ਕਰਕਟ ਖਤਮ ਕਰਨ ਲਈ ਅਤੇ ਸਮੁੱਚੇ ਸ਼ਹਿਰ ਦੀਆਂ ਸੜਕਾਂ ਬਣਾਉਣ ਲਈ ਤਿਆਰ ਕੀਤੀ ਵਿਸਥਾਰਤ ਪ੍ਰਾਜੈਕਟ ਰਿਪੋਰਟ ਵੇਖਣ ਉਪਰੰਤ ਗੁਰੂ ਨਗਰੀ ਦੇ ਵਿਕਾਸ ਲਈ 75 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਅਤੇ ਕਿਹਾ ਕਿ ਗੁਰੂ ਨਗਰੀ ਦੇ ਵਿਕਾਸ ਫੰਡਾਂ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ।

### ਰਾਜਸਥਾਨ ਰਾਈਲਜ਼ ਆਈ. ਪੀ. ਐਲ. ਚੈਂਪੀਅਨ

ਮੁੰਬਈ, 1 ਜੂਨ-20-20 ਆਈ. ਪੀ. ਐਲ. ਲੀਗ ਦੇ ਫਾਈਨਲ ਮੁਕਾਬਲੇ ਵਿਚ ਸ਼ੇਨ ਵਾਰਨ ਦੀ ਰਾਜਸਥਾਨ ਰਾਈਲਜ਼ ਦੀ ਟੀਮ ਨੇ ਧੋਨੀ ਦੀ ਚੇਨਈ ਸੁਪਰ ਕਿੰਗਜ਼ ਨੂੰ 3 ਵਿਕਟਾਂ ਨਾਲ ਹਰਾ ਕੇ ਪਹਿਲੀ ਆਈ. ਪੀ. ਐਲ. 20-20 ਕ੍ਰਿਕਟ ਪ੍ਰਤਿਯੋਗਤਾ ਜਿੱਤ ਲਈ ਨੂੰ ਯੂਸਫ ਪਠਾਨ ਮੈਨ ਆਫ ਦੀ ਮੈਚ ਬਣੇ।

### ਇਟਲੀ ਵਿਚ ਦਸਤਾਰ ਸੰਬੰਧੀ ਭਾਈ ਵਿਚੈਂਸਾ ਵਲੋਂ ਪੁਲਿਸ ਮੁੱਖੀ ਨਾਲ ਗੱਲਬਾਤ

ਬਰੇਸ਼ੀਆ (ਇਟਲੀ), 1 ਜੂਨ-ਇਟਲੀ ਵਿਚ ਦਸਤਾਰ ਸੰਬੰਧੀ ਸਿੱਖਾਂ ਭਾਈਚਾਰੇ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਨੂੰ ਮੁੱਖ ਰੱਖਕੇ ਇਟਲੀ ਦੇ ਸਮੂਹ ਗੁਰਦੁਆਰਿਆਂ ਦੀ ਸਾਂਝੀ ਨੈਸ਼ਨਲ ਧਰਮ ਪ੍ਰਚਾਰ ਕਮੇਟੀ ਦੇ ਪ੍ਰਧਾਨ ਭਾਈ ਹਰਵੰਤ ਸਿੰਘ ਵਿਚੈਂਸਾ ਨੇ ਜ਼ਿਲਾ ਬੈਰਗਾਮੋ ਦੇ ਪੁਲਿਸ ਮੁਖੀ ਨਾਲ ਗੱਲਬਾਤ ਉਪਰੰਤ ਉਹਨਾਂ ਸਿੱਖਾਂ ਨੂੰ ਸਲਾਹ ਦਿੱਤੀ ਕਿ ਫੋਟੋ ਖਿਚਉਣ ਤੇ ਪਹਿਲਾਂ ਆਪਣੀ ਦਸਤਾਰ ਅੱਖਾਂ ਤੋਂ ਥੋੜੀ ਉਪਰ ਰੱਖ ਕੇ ਫੋਟੋ ਖਿਚਵਾਓ ਤਾਂਕਿ ਉਹਨਾਂ ਦੇ ਭਰਵੱਟੇ ਪੂਰੀ ਤਰਾਂ ਨਜ਼ਰ ਆ ਸਕਣ।

### ਝੋਣੇ ਦਾ ਸਮਰਥਨ ਮੁੱਲ 1000 ਰੁਪਏ ਕਰਨ ਦਾ ਐਲਾਨ

ਖੰਨਾ, 2 ਜੂਨ-ਭਾਰਤ ਦੇ ਖੁਰਾਕ ਤੇ ਖੇਤੀ ਰਾਜ ਮੰਤਰੀ ਸ੍ਰੀ ਅਖਿਲੇਸ਼ ਪ੍ਰਤਾਪ ਸਿੰਘ ਨੇ ਝੋਣੇ ਦਾ ਘੱਟੋ ਘੱਟ ਸਮਰਥਨ ਮੁੱਲ 1000 ਰੁਪਏ ਪ੍ਰਤੀ ਕੁਇੰਟਲ ਕਰਨ ਦਾ ਐਲਾਨ ਕੀਤਾ। ਸ੍ਰ. ਲੱਖੋਵਲ ਨੇ ਇਸਦਾ ਸਵਾਗਤ ਕਰਦੇ ਹੋਏ ਭਾਅ ਹੋਰ ਵਧਾਉਣ ਦੀ ਮੰਗ ਵੀ ਕੀਤੀ। ਨਵਾਂ ਘੋਸ਼ਿਤ ਸਮਰਥਨ ਮੁੱਲ ਪਿਛਲੇ ਸਾਲ ਨਾਲੋਂ 225 ਰੁਪਏ ਪ੍ਰਤੀ ਕੁਇੰਟਲ ਵੱਧ ਹੈ ਅਤੇ ਇਸ ਨਾਲ ਕਿਸਾਨਾਂ ਨੂੰ ਕੁਝ ਰਾਹਤ ਮਿਲਣ ਦੀ ਆਸ ਹੈ।

### ਨਵਾਂ ਪਾਸਪੋਰਟ 3 ਦਿਨਾਂ 'ਚ

ਚੇਨਈ, 3 ਜੂਨ-ਵਿਦੇਸ਼ ਮੰਤਰੀ ਪ੍ਰਣਬ ਮੁਖਰਜੀ ਨੇ ਕਿਹਾ ਹੈ ਕਿ ਇੱਕ ਨਵੀਂ ਸਕੀਮ ਤਹਿਤ ਪੁਲਿਸ ਪੜਤਾਲ ਤੋਂ ਪਿਛੋਂ 3 ਦਿਨਾਂ ਵਿਚ ਪਾਸਪੋਰਟ ਬਿਨੈਕਾਰ ਦੇ ਹੱਥ ਵਿਚ ਹੋਵੇਗਾ। ਇਹ ਸਕੀਮ ਨਿਜੀ ਤੇ ਸਰਕਾਰੀ ਭਾਈਵਾਲੀ ਨਾਲ ਸ਼ੁਰੂ ਕੀਤੀ ਹੈ। ਉਹਨਾਂ ਹੋਰ ਕਿਹਾ ਕਿ ਡਿਪਲੋਮੈਟਿਕ ਅਤੇ ਅਧਿਕਾਰੀ ਸ਼੍ਰੇਣੀ ਈ-ਪਾਸਪੋਰਟ ਦੇਣ ਦਾ ਕੰਮ ਪੂਰਾ ਹੋ ਚੁੱਕਾ ਹੈ।

### ਅਕਾਲ ਤਖ਼ਤ ਸਾਹਿਬ ਦੇ ਸਕਤਰੇਤ ਦੇ ਵਿਸਥਾਰ ਲਈ ਕਾਰ ਸੇਵਾ

ਅੰਮ੍ਰਿਤਸਰ, 5 ਜੂਨ-ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਫਤਰ ਦੇ ਨਾਲ ਲਗਦੀ ਜਗਾਹ ਵਿਖੇ ਇਕ ਆਧੁਨਿਕ ਤਰੀਕੇ ਨਾਲ ਉਸਾਰੀ ਜਾ ਰਹੀ ਇਮਾਰਤ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਨਵਾਂ ਦਫ਼ਤਰ, ਇਕਤਰੱਤਾ ਨਾਲ ਤੇ ਉਡੀਕ ਹਾਲ ਉਸਾਰਿਆ ਜਾਵੇਗਾ। ਇਸ ਕਾਰਜ ਦੀ ਕਾਰ ਸੇਵਾ ਸ਼੍ਰੋਮਣੀ ਕਮੇਟੀ ਵਲੋਂ ਬਾਬਾ ਜਗਤਾਰ ਸਿੰਘ ਤਰਨਤਾਰਨ ਵਾਲਿਆਂ ਨੂੰ ਸੌਂਪੀ ਗਈ ਹੈ। ਕਾਰਜ ਦੀ ਅਰੰਭਤਾ ਅਰਦਾਸ ਸਮੇਂ ਜਥੇ. ਜੋਗਿੰਦਰ ਸਿੰਘ ਵੇਦਾਂਤੀ, ਸ਼੍ਰੋਮਣੀ ਕਮੇਟੀ ਪ੍ਰਧਾਨ ਸ੍ਰ. ਅਵਤਾਰ ਸਿੰਘ, ਬਾਬਾ ਜਗਤਾਰ ਸਿੰਘ, ਪੰਜ ਪਿਆਰਿਆਂ ਆਦਿ ਸਮੇਤ ਹਾਜ਼ਿਰ ਸਨ।

### ਸਿੱਖ ਅਸੂਲਾਂ ਤੇ ਪਹਿਰਾ ਦੇਣਾ ਸਮੇਂ ਦੀ ਮੁਖ ਲੋੜ

ਬਟਾਲਾ, 6 ਜੂਨ-ਗੁਰਦੁਆਰਾ ਗੁਰ ਸ਼ਬਦ ਪ੍ਰਕਾਸ਼ ਸ਼ਹੀਦਾਂ ਬਟਾਲਾ ਵਿਖੇ ਘੱਲੂਘਾਰਾ ਦਿਵਸ ਦੇ ਸੰਬੰਧ ਵਿਚ ਆਯੋਜਿਤ ਸਮਾਗਮ ਵਿਚ ਬੋਲਦੇ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇ. ਜੋਗਿੰਦਰ ਸਿੰਘ ਵੇਦਾਂਤੀ ਨੇ ਕਿਹਾ ਕਿ ਸਿੱਖ ਅਸੂਲਾਂ ਤੇ ਪਹਿਰਾ ਦੇਣਾ ਸਮੇਂ ਦੀ ਮੁੱਖ ਲੋੜ ਹੈ। ਉਹਨਾਂ ਕਿਹਾ ਕਿ ਅਣਗੋਲੇ ਅਤੇ ਕੌਮੀ ਸ਼ਹੀਦਾਂ ਦੀਆਂ ਢੁਕਵੀਆਂ ਯਾਦਾਂ ਬਣਾਉਣ ਦਾ ਵੀ ਐਲਾਨ ਕੀਤਾ ਅਤੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਨਮਾਨਿਤ ਵੀ ਕੀਤਾ। ਦੇਸ਼ ਅਤੇ ਵਿਦੇਸ਼ਾਂ ਵਿਚ ਵੀ ਸਾਕਾ ਨੀਲਾ ਤਾਰਾ ਦੇ ਸ਼ਹੀਦਾਂ ਨੂੰ ਕਈ ਸਥਾਨਾਂ ਤੇ ਸ਼ਰਧਾਜਲੀਆਂ ਭੇਂਟ ਕੀਤੀਆਂ ਗਈਆਂ।

### ਹੋਲੇ-ਹੋਲੇ ਹੋਰ ਹੁਣ 80 ਪੈਸੇ ਪ੍ਰਤੀਮਿੰਟ

ਨਵੀਂ ਦਿੱਲੀ, 9 ਜੂਨ-ਦੇਸ਼ ਦੇ ਸਭ ਤੋਂ ਵੱਡਾ ਸਰਕਾਰੀ ਟੈਲੀਫੋਨ ਅਦਾਰਾ ਬੀ. ਐਸ. ਐਨ. ਐਲ. ਨੇ ਆਪਣੀਆਂ ਵੱਖ ਵੱਖ ਯੋਜਨਾਵਾਂ ਤਹਿਤ ਮੋਬਾਈਲ ਤੋਂ ਲੈਂਡ ਲਾਈਨ ਦੀਆਂ ਦਰਾਂ ਵਿਚ 50% ਤੱਕ ਦੀ ਭਾਰੀ ਕਟੌਤੀ ਕਰਨ ਦਾ ਐਲਾਨ ਕੀਤਾ ਹੈ ਲੈਂਡ ਲਾਈਨ ਸੇਵਾ ਤਹਿਤ ਜਨਰਲ ਤੇ ਸੁਲਭ ਯੋਜਨਾ ਵਿਚ ਸਾਰੇ ਨੈਟਵਰਕ ਲਈ ਐਸ.ਟੀ.ਡੀ. ਦਰ 2.40 ਰੁਪਏ ਤੋਂ ਘਟਾ ਕੇ 1.20 ਰੁਪਏ ਕਰ ਦਿੱਤੀ ਗਈ ਹੈ ਪੇਂਡੂ ਖੇਤਰਾਂ ਲਈ ਐਸ.ਟੀ.ਡੀ. ਦਰ 80 ਪੈਸੇ ਪ੍ਰਤੀ ਮਿੰਟ ਹੋਵੇਗੀ।

### ਬਾਬਾ ਬੰਦਾ ਸਿੰਘ ਬਹਾਦਰ ਦੀ 292 ਵਾਂ ਸ਼ਹੀਦੀ ਸਮਾਗਮ

ਲੁਧਿਆਣਾ, 9 ਜੂਨ-ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਮੰਚ ਵਲੋਂ ਬੈਰਾਗੀ ਮੰਡਲ ਅਤੇ ਪ੍ਰੋ. ਮੋਹਣ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੇ ਸਹਿਯੋਗ ਨਾਲ ਬਾਬਾ ਬੰਦਾ ਸਿੰਘ ਬਹਾਦਰ ਵਿਖੇ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਜਿਸ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਢੁਕਵੀਂ ਯਾਦਗਾਰ ਸਥਾਪਿਤ ਕਰਨ ਬਾਰੇ ਅਤੇ ਉਹਨਾਂ ਦੀ ਰਾਜਧਾਨੀ ਲੋਹਗੜ ਵਿਖੇ ਕੌਮੀ ਪੱਧਰ ਦੀ ਤਕਨੀਕੀ ਸੰਸਥਾਂ ਸਥਾਪਿਤ ਕਰਨ ਦੀ ਮੰਗ ਵੀ ਕੀਤੀ ਗਈ। ਇਸ ਮੌਕੇ ਤੇ ਸ੍ਰ. ਜਗਦੇਵ ਸਿੰਘ ਜਸੋਵਾਲ, ਸ੍ਰੀ ਕੇ. ਕੇ. ਬਾਵਾ, ਮਲਕੀਤ ਸਿੰਘ ਦਾਖਾ, ਹਰੀ ਦਾਸ ਬਾਵਾਲ ਅਤੇ ਨਿਹੰਗ ਮੁਖੀ 86 ਕਰੋੜੀ ਬਾਬਾ ਜੋਗਿੰਦਰ ਸਿੰਘ ਰਕਬਾ ਨੇ ਸ੍ਰੀ ਜੈਯੰਤੀ ਬਾਈ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ।

### ਫਤਹਿ ਦਿਵਸ ਨੂੰ ਸਮਰਪਿਤ ਨਗਰ ਕੀਰਤਨ

ਅੰਮ੍ਰਿਤਸਰ, 7 ਜੂਨ-ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵਲੋਂ ਅੰਮ੍ਰਿਤਸਰ ਸ਼ਹਿਰ ਦੇ ਗੁ. ਕਿਲਾ ਲੋਹਗੜ੍ਹ ਸਾਹਿਬ ਵਾਲੇ ਸਥਾਨ ਤੇ ਸੰਨ 1686 ਵਿਚ ਮੁਗਲ ਫੌਜਾ ਨਾਲ ਕੀਤੀ ਪਹਿਲੀ ਜੰਗ ਵਿਚ ਪ੍ਰਾਪਤ ਕੀਤੀ ਪਹਿਲੀ ਫਤਹਿ ਦੇ ਸੰਬੰਧ ਵਿਚ ਅੱਜ ਫਤਹਿ ਦਿਵਸ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਗੁਰਦੁਆਰਾ ਬਾਬਾ ਦੀਪ ਸਿੰਘ ਜੀ ਸ਼ਹੀਦ ਤੋਂ ਗੁਰਦੁਆਰਾ ਕਿਲਾ ਸ੍ਰੀ ਲੋਹਗੜ੍ਹ ਸਾਹਿਬ ਤੱਕ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸਜਾਇਆ ਗਿਆ ਜਿਸ ਵਿਚ ਸ਼ਹਿਰ ਦੀਆਂ ਸੰਗਤ ਨੇ ਵੱਧ ਚੜ੍ਹ ਕੇ ਭਾਗ ਲਿਆ।

### ਬਿਜਲੀ ਦਰਾਂ ਵਿਚ 3% ਵਾਧਾ

ਚੰਡੀਗੜ੍ਹ, 11 ਜੂਨ-ਬਿਜਲੀ ਰੈਗੂਲੇਟਰੀ ਕਮੀਸ਼ਨ ਵਲੋਂ ਪੰਜਾਬ ਦੀਆਂ ਮੌਜੂਦਾ ਬਿਜਲੀ ਦਰਾਂ ਵਿਚ ਢਾਈ ਤੋਂ ਤਿੰਨ ਪ੍ਰਤੀਸ਼ਤ ਤਕ ਦਾ ਵਾਧਾ ਕਰਨ ਦਾ ਫੈਸਲਾ ਕੀਤਾ ਗਿਆ ਹੈ। ਪੰਜਾਬ ਵਿਚ ਇਸ ਵਾਧੇ ਨਾਲ ਖਪਤਕਾਰਾਂ ਤੇ 279 ਕਰੋੜ ਰੁਪਏ ਦਾ ਵਾਧੂ ਭਾਰ ਪਵੇਗਾ।

### ਕੇਂਦਰ ਪੰਜਾਬ ਦੇ 11 ਸਰਹੱਦੀ ਕਸਬਿਆਂ ਦੇ ਵਿਕਾਸ ਲਈ ਸਹਿਮਤ

ਚੰਡੀਗੜ੍ਹ, 11 ਜੂਨ-ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਵਲੋਂ ਅੰਮ੍ਰਿਤਸਰ, ਤਰਨਤਾਰਨ, ਫਿਰੋਜ਼ਪੁਰ ਅਤੇ ਗੁਰਦਾਸਪੁਰ ਦੇ 11 ਸਰਹੱਦੀ ਕਸਬਿਆਂ ਦੇ ਵਿਕਾਸ ਲਈ ਉਠਾਏ ਮੁੱਦੇ ਤੇ ਸਹਿਮਤ ਹੋ ਗਿਆ ਹੈ। ਕੇਂਦਰੀ ਗ੍ਰਹਿ ਮੰਤਰੀ ਸ਼ਿਵਰਾਜ ਪਾਟਿਲ ਵਲੋਂ ਪੰਜਾਬ ਦੇ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਅੰਤਰ ਰਾਸ਼ਟਰੀ ਸਰਹੱਦ ਦੇ 10-12 ਕਿਲੋਮੀਟਰ ਦੇ ਘੇਰੇ ਵਿਚ ਪੈਂਦੇ 11 ਕਸਬਿਆਂ ਦੇ ਵਿਕਾਸ ਲਈ ਸਹਿਮਤੀ ਪ੍ਰਗਟਾਈ। ਵਿਕਾਸ ਕੰਮਾਂ ਵਿਚ ਜਲ ਸਪਲਾਈ, ਸੀਵਰੇਜ ਪ੍ਰਣਾਲੀ ਅਤੇ ਸ਼ਹਿਰੀ ਬੁਨਿਆਦੀ ਸਹੂਲਤਾਂ ਸ਼ਾਮਿਲ ਹਨ।

### ਲਾਅ ਯੂਨੀਵਰਸਿਟੀ ਦਾ ਨੀਂਹ ਪੱਥਰ

ਪਟਿਆਲਾ, 12 ਜੂਨ-ਨੈਸ਼ਨਲ ਲਾਅ ਯੂਨੀਵਰਸਿਟੀ ਦੇ ਚਾਂਸਲਰ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਮੁੱਖ ਜੱਜ ਸ੍ਰੀ ਵਿਜੇਦਰ ਜੈਨ ਦੇ ਸੱਦੇ ਤੇ ਆਏ ਪੰਜਾਬ ਦੇ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਨੇ ਨੀਂਹ ਪੱਥਰ ਰੱਖਦੇ ਹੋਏ ਕਿਹਾ ਕਿ ਇਹ ਯੂਨੀਵਰਸਿਟੀ ਜੋ 50 ਏਕੜ ਵਿਚ 45 ਕਰੋੜ ਰੁਪਏ ਨਾਲ ਬਣਾਈ ਜਾਣੀ ਹੈ ਵਿਚ 10% ਸੀਟਾਂ ਪੰਜਾਬ ਦੇ ਵਿਦਿਆਰਥੀਆਂ ਲਈ ਰਾਖਵੀਆਂ ਹੋਣਗੀਆਂ। ਉਹਨਾਂ ਨੇ ਕੇਂਦਰ ਸਰਕਾਰ ਨੂੰ ਸ੍ਰੀ ਅਨੰਦਪੁਰ ਸਾਹਿਬ ਅਤੇ ਤਲਵੰਡੀ ਸਾਬੋ ਦੇ ਵਿਕਾਸ ਲਈ

# ਖ਼ਬਰਨਾਮਾ



ਪ੍ਰਧਾਨ ਮੰਤਰੀ ਵਲੋਂ ਐਲਾਨੀ ਗ੍ਰਾਂਟ ਨੂੰ 100-100 ਕਰੋੜ ਰੁਪਏ ਵਧਾਉਣ ਦੀ ਵੀ ਮੰਗ ਕੀਤੀ।

**ਸ਼ਹੀਦਾਂ ਦੇ ਸਰਤਾਜ ਪੰਜਵੇਂ ਪਾਤਸ਼ਾਹ ਦਾ ਸ਼ਹੀਦੀ ਪੁਰਬ**

ਅੰਮ੍ਰਿਤਸਰ-ਲਾਹੌਰ, 16 ਜੂਨ-ਸ਼ਹੀਦਾਂ ਦੇ ਸਰਤਾਜ, ਸ਼ਾਂਤੀ ਦੇ ਪੁੰਜ, ਬਾਣੀ ਦੇ ਬੋਹਿਥ ਪੰਜਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਦੇਸ਼-ਵਿਦੇਸ਼ ਦੇ ਗੁਰਦੁਆਰਿਆਂ ਵਿਚ ਸੰਗਤਾਂ ਵਲੋਂ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕੀਰਤਨ, ਕਥਾ, ਵਿਆਖਿਆ ਸਹਿਤ ਸੰਗਤਾਂ ਨੇ ਗੁਰਬਾਣੀ ਅਤੇ ਵਿਚਾਰਾਂ ਸਰਵਣ ਕੀਤੀਆਂ। ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦਰਬਾਰ ਸਾਹਿਬ ਤਰਨਤਾਰਨ ਅਤੇ ਗੁਰਦੁਆਰਾ ਡੇਰਾ ਸਾਹਿਬ ਪਾਕਿਸਤਾਨ ਵਿਖੇ ਸੰਗਤਾਂ ਨੇ ਹੁਮ ਹੁਮਾਂ ਕੇ ਪੁੱਜਕੇ ਸੰਗਤਾਂ ਨਤਮਸਤਕ ਹੋਈਆਂ।

**ਮਹਾਰਾਜਾ ਰਣਜੀਤ ਸਿੰਘ ਬਾਰੇ ਨਾਟਕ ਦੀਆਂ 104 ਕਿਸ਼ਤਾਂ**

ਅੰਮ੍ਰਿਤਸਰ, 17 ਜੂਨ-ਮਹਾਰਾਜਾ ਰਣਜੀਤ ਸਿੰਘ ਸ਼ੇਰੇ ਪੰਜਾਬ ਦੇ ਜੀਵਨ ਕਾਲ 'ਤੇ ਆਧਾਰਿਤ ਟੀ. ਵੀ. ਸੀਰੀਅਲ "ਲਾਰਡ ਆਫ ਦੀ ਫਾਈਵ ਰਿਵਰਜ਼" ਦੀ ਸ਼ੂਟਿੰਗ ਅਰੰਭ ਕਰਨ ਲਈ ਸਿਆਸਤ ਦਾਨ ਅਤੇ ਅਦਾਕਾਰ ਸਾਂਸਦ ਰਾਜ ਬੱਬਰ ਦੀ ਟੀਮ ਵਲੋਂ ਸ੍ਰੀ ਦਰਬਾਰ ਸਾਹਿਬ ਸ੍ਰੀ ਅਖੰਡ ਪਾਠ ਦੀ ਅਰੰਭਤਾ ਕੀਤੀ ਗਈ। ਸ੍ਰੀ ਰਾਜ ਬੱਬਰ ਨੇ ਕਿਹਾ ਕਿ ਇਹ ਲੜੀਵਾਰ ਦੂਰਦਰਸ਼ਨ ਤੇ 104 ਕਿਸ਼ਤਾਂ ਵਿਚ ਪ੍ਰਸਾਰਿਤ ਕੀਤਾ ਜਾਵੇਗਾ।

**ਕੇਂਦਰ ਸਰਕਾਰ ਸਿੱਖਾਂ ਕੋਲੋਂ ਮੁਆਫੀ ਮੰਗੇ**

ਦੁਬਈ, 17 ਜੂਨ-ਸ੍ਰ. ਬਲਦੇਵ ਸਿੰਘ ਖੁਜਾਲਾ ਮੁਖ ਬੁਲਾਰਾ ਸਿੰਘ ਸਭਾ ਯੂ. ਏ. ਈ. ਨੂੰ ਮੀਟਿੰਗ ਉਪਰੰਤ ਕਿਹਾ ਕਿ ਕੇਂਦਰ ਸਰਕਾਰ ਨੂੰ ਸਾਕਾ ਨੀਲਾ ਤਾਰਾ ਤੇ ਦਿੱਲੀ ਦੰਗਿਆਂ ਵਿਚ ਸਿੱਖਾਂ ਦੇ ਕਤਲੇਆਮ ਲਈ ਸਿੱਖਾਂ ਕੋਲੋਂ ਤੁਰੰਤ ਮੁਆਫੀ ਮੰਗਣੀ ਚਾਹੀਦੀ ਹੈ। ਉਹਨਾਂ ਕਿਹਾ ਆਜ਼ਾਦ ਭਾਰਤ ਵਿਚ 24 ਸਾਲ ਪਹਿਲਾਂ ਸਿੱਖਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਉਦਿਆਂ ਕੇਂਦਰ ਦੀ ਕਾਂਗਰਸ ਸਰਕਾਰ ਨੇ ਬਲਿਊ ਸਟਾਰ ਵਾਲਾ ਘੱਲੂਘਾਰਾ ਕੀਤਾ ਸੀ ਅਤੇ ਹਜ਼ਾਰਾਂ ਸਿੰਘ ਸਿੰਘਣੀਆਂ ਨੂੰ ਬਚਿਆਂ ਨੂੰ ਸ਼ਹੀਦ ਕਰ ਦਿੱਤਾ ਸੀ।

**ਗੁਜਰਾਂ ਨੂੰ ਮਿਲੇਗਾ 5% ਰਾਖਵਾਂਕਰਨ**

ਜੈਪੁਰ, 18 ਜੂਨ-27 ਦਿਨਾਂ ਕਰਨਲ ਕਰੋੜੀ ਸਿੰਘ ਬੈਸਲਾਂ ਦੀ ਅਗਵਾਈ ਵਿਚ ਚਲੇ ਗੁਜਰਾਂ ਲਈ ਰਾਖਵਾਂਕਰਨ ਗੁਜਰ ਅੰਦੋਲਨ ਦਾ ਰਾਜਸਥਾਨ ਦੀ ਮੁੱਖ ਮੰਤਰੀ ਵਸੁੰਧਰਾ ਰਾਜੇ ਸਿੰਧੀਆ ਨਾਲ ਹੋਏ ਸਮਝੌਤੇ ਦੇ ਐਲਾਨ ਤੋਂ ਬਾਅਦ ਅੰਤ ਹੋ ਗਿਆ। ਸਮਝੌਤੇ ਮੁਤਾਬਿਕ ਗੁਜਰਾਂ ਨੂੰ ਰਾਜਸਥਾਨ 'ਚ 5% ਰਾਖਵਾਂਕਰਨ ਮਿਲੇਗਾ। ਮੁੱਖ ਮੰਤਰੀ ਨੇ ਕਿਹਾ ਕਿ ਇਸ ਰਾਖਵੇਂਕਰਨ ਨਾਲ ਦੂਸਰੀਆਂ ਜਾਤੀਆਂ ਨੂੰ ਕੋਈ ਫਰਕ ਨਹੀਂ ਪਏਗਾ। ਇਕ ਹੋਰ ਐਲਾਨ ਵਿਚ ਰਾਜਸਥਾਨ ਸਰਕਾਰ ਨੇ ਬ੍ਰਾਹਮਣ, ਰਾਜਪੂਰਾ, ਕਾਇਸਥ ਅਤੇ ਵੈਸ਼ ਸਮਾਜ ਦੇ ਆਰਥਿਕ ਤੌਰ ਤੇ ਪਛੜੇ ਵਰਗਾਂ ਲਈ ਵੀ 14% ਰਾਖਵੇਂਕਰਨ ਦ ਐਲਾਨ ਕੀਤਾ ਹੈ। ਇਸ ਤਰਾਂ ਕੁਲ ਰਾਖਵਾਂਕਰਨ ਸੁਪਰੀਮ ਕੋਰਟ ਦੀ 50% ਤੋਂ ਵੱਧਕੇ 68% ਹੋ ਜਾਵੇਗਾ।

**ਅੰਮ੍ਰਿਤਸਰ ਨਗਰ ਨਿਗਮ ਲਈ 65 ਕਰੋੜ**

ਅੰਮ੍ਰਿਤਸਰ, 19 ਜੂਨ-ਪੰਜਾਬ ਦੇ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਨੇ ਅੰਮ੍ਰਿਤਸਰ ਗੁਰੂ ਨਗਰੀ ਦੇ ਵਿਕਾਸ ਲਈ ਐਲਾਨੇ 65 ਕਰੋੜ ਰੁਪਏ ਦਾ ਚੈਨ, ਸਾਂਸਦ ਨਵਜੋਤ ਸਿੰਘ ਸਿੱਧੂ, ਸਾਂਸਦ ਡਾ. ਰਤਨ ਸਿੰਘ ਅਜਨਾਲਾ, ਸਾਂਸਦ ਰਾਜ ਮਹਿੰਦਰ ਸਿੰਘ ਮਜੀਠੀਆਂ ਦੀ ਹਾਜ਼ਰੀ ਵਿਚ, ਨਗਰ ਨਿਗਮ ਦੇ ਮੇਅਰ ਸ਼ਵੇਤ ਮਲਿਕ ਨੂੰ ਭੇਂਟ ਕੀਤਾ। ਲੋਕ ਸੰਪਰਕ ਮੰਤਰੀ ਸ੍ਰ. ਬਿਕਰਮ ਸਿੰਘ ਮਜੀਠੀਆਂ ਵੀ ਇਸ ਸਮੇਂ ਹਾਜ਼ਿਰ ਸਨ।

**ਡੇਰਾ ਸਿਰਸਾ ਮੁੱਖੀ ਖਿਲਾਫ ਦੇਸ਼ ਭਰ ਵਿਚ ਰੋਸ ਪ੍ਰਦਰਸ਼ਨ**

ਮੁੰਬਈ-ਅੰਮ੍ਰਿਤਸਰ, 20-25 ਜੂਨ-ਡੇਰਾ ਸਿਰਸਾ ਵਿਵਾਦ ਹੋਰ ਗੰਭੀਰ ਹੋ ਗਿਆ ਜਦੋਂ ਕਿ ਮੁੰਬਈ ਵਿਖੇ ਇਕ ਸਿੱਖ ਨੌਜਵਾਨ ਬਲਕਾਰ ਸਿੰਘ ਪ੍ਰਦਰਸ਼ਨਕਾਰੀ ਦੀ ਡੇਰਾ ਮੁਖੀ ਦੇ ਅੰਗ ਰਖਿਅਕ ਦੁਆਰਾ ਚਲਾਈ ਗੋਲੀ ਨਾਲ ਮੌਤ ਹੋ ਗਈ। ਮੁੰਬਈ, ਅੰਮ੍ਰਿਤਸਰ, ਜਲੰਧਰ ਅਤੇ ਥਾਂਈ-ਥਾਂਈ ਮੁਜ਼ਾਹਰੇ ਕਰਕੇ ਡੇਰਾ ਮੁਖੀ ਨੂੰ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਹੈ ਗਈ। 25 ਮਈ ਨੂੰ ਪੰਜਾਬ ਭਰ ਦਮਦਮੀ ਟਕਸਾਲ ਅਤੇ ਹੋਰ ਜਥੇਬੰਦੀਆਂ ਵਲੋਂ ਸੱਦੇ 'ਰੇਲ ਰੋਕੋ' ਦਿਵਸ ਤੇ ਪੂਰਾ ਯਾਤਾਯਾਤ ਪੰਜਾਬ ਭਰ ਵਿਚ ਬੰਦ ਰਿਹਾ ਅਤੇ ਜਦ ਤੱਕ ਡੇਰਾ ਮੁਖੀ ਨੂੰ ਹਿਰਾਸਤ ਵਿਚ ਲੈ ਕੇ ਉਸ ਖਿਲਾਫ ਕੇਸ ਨਹੀਂ ਚਲਾਇਆ ਜਾਂਦਾ, ਮੁਜ਼ਾਹਰੇ ਜਾਰੀ ਰੱਖਣ ਦਾ ਸੱਦਾ ਦਿੱਤਾ ਗਿਆ। ਇਸ ਸੰਦਰਭ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਅਤੇ ਅਕਾਲੀ ਦਲ ਪ੍ਰਧਾਨ ਮੁੰਬਈ ਵਿਖੇ ਜਾਕੇ ਵਫ਼ਦ ਸਣੇ ਮਹਾਰਾਸ਼ਟਰਾ ਦੇ ਮੁੱਖ ਮੰਤਰੀ ਨੂੰ ਵੀ ਮਿਲੇ ਅਤੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਕਿਹਾ।

**ਮਹਿੰਗਾਈ ਦਰ ਹੋਈ 11.05%**

ਨਵੀਂ ਦਿੱਲੀ, 20 ਜੂਨ-ਕੇਂਦਰ ਸਰਕਾਰ ਵਲੋਂ ਵੱਧ ਰਹੀ ਮਹਿੰਗਾਈ ਨੂੰ ਨੱਥ ਪਾਉਣ ਲਈ ਚੁੱਕੇ ਕਦਮ ਅਸਫਲ ਹੀ ਹੋ ਰਹੇ ਹਨ ਅਤੇ ਮਹਿੰਗਾਈ ਦਰ 11.05% ਪੁੱਜ ਗਈ। ਇਸ ਵੱਧ ਰਹੀ ਮਹਿੰਗਾਈ ਨੇ ਲੋਕਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ ਅਤੇ ਕਮਿਊਨਿਸਟ ਪਾਰਟੀਆਂ ਨੇ ਅਤੇ ਹੋਰ ਵਿਰੋਧੀ ਧਿਰਾਂ ਨੇ ਰੋਸ ਵੀ ਪ੍ਰਗਟ ਕੀਤਾ ਹੈ।

**ਪ੍ਰਮਾਣੂ ਕਰਾਰ ਤੇ ਕੇਂਦਰ ਸਰਕਾਰ ਕੁੜਿੱਕੀ 'ਚ**

ਨਵੀਂ ਦਿੱਲੀ, 21-25 ਜੂਨ-ਕੇਂਦਰ ਦੀ ਯੂ. ਪੀ. ਏ ਸਰਕਾਰ ਅਮਰੀਕਾ ਨਾਲ ਪ੍ਰਸਤਾਵਿਤ ਪ੍ਰਮਾਣ ਕਰਾਰ ਦੇ ਮੁੱਦੇ ਤੇ ਕੁੜਿੱਕੀ ਵਿਚ ਫਸੀ ਹੋਈ ਹੈ। ਕਾਂਗਰਸ ਇਸ ਕਰਾਰ ਨੂੰ ਜਲਦੀ ਲਾਗੂ ਕਰਨਾ ਚਾਹੁੰਦੀ ਹੈ ਪਰ ਖੱਬੇ ਪੱਖੀ ਪਾਰਟੀਆਂ ਜੋ ਸਰਕਾਰਾਂ ਨੂੰ ਬਾਹਰੋਂ ਸਮਰਥਣ ਦੇ ਰਹੀਆਂ ਹਨ ਇਸਦੇ ਸਖ਼ਤ ਖਿਲਾਫ ਹਨ ਕੇਂਦਰ ਅਤੇ ਖੱਬੇ ਪਾਰਟੀਆਂ ਵਿਚਕਾਰ ਇਸ ਮੁੱਦੇ 'ਤੇ ਗੰਭੀਰ ਵਿਚਾਰਾਂ ਹੋ ਰਹੀਆਂ ਹਨ। ਕੇਂਦਰ ਸਰਕਾਰ ਤੋਂ ਮਾਇਆਵਤੀ ਦੀ ਬਹੁਜਨ ਸਮਾਜ ਪਾਰਟੀ ਨੇ ਪਹਿਲਾਂ ਹੀ ਸਮਰਥਨ ਵਾਪਿਸ ਲੈ ਲਿਆ ਹੈ। ਬੀ. ਜੇ. ਪੀ. ਅਤੇ ਐਨ. ਡੀ. ਏ. ਵਲੋਂ ਪ੍ਰਮਾਣੂ ਕਰਾਰ ਦੇ ਕਈ ਮੁੱਦਾ 'ਤੇ ਵੀ ਸਖ਼ਤ ਏਤਰਾਜ਼ ਹੈ। ਅਮਰੀਕਾ ਵਲੋਂ ਕੇਂਦਰ ਸਰਕਾਰ ਤੇ ਇਸ ਕਰਾਰ ਨੂੰ ਹੋਰ ਦੇਰ ਨਾ ਕਰਨ ਤੇ ਜ਼ੋਰ ਪਾਇਆ ਜਾ ਰਿਹਾ ਹੈ।

**1984 ਦੇ ਦੋਸ਼ੀਆਂ ਖਿਲਾਫ ਅਮਰੀਕਾ ਵਿਚ ਦਸਤਖਤੀ ਮੁਹਿੰਮ**

ਸੈਨਹੋਜ਼ੇ (ਅਮਰੀਕਾ), 24 ਜੂਨ-ਅਮਰੀਕਾ ਦੀ ਮਨੁੱਖੀ ਅਧਿਕਾਰ ਸੰਸਥਾਂ ਸਿਖਤ ਫਾਰ ਜਸਟਿਸ ਵਲੋਂ ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ 1984 ਦੇ ਦੋਸ਼ੀਆਂ ਖਿਲਾਫ ਦਸਤਖਤੀ ਮੁਹਿੰਮ ਨੂੰ ਤਰੜਾ ਹੁੰਗਾਰਾ ਮਿਲਿਆ। ਇਸ ਦਸਤਖਤੀ ਮੁਹਿੰਮ ਰਾਹੀਂ ਹਜ਼ਾਰਾਂ ਹੀ ਅਰਜ਼ੀਆਂ ਭਾਰਤੀ ਸੁਪਰੀਮ ਕੋਰਟ ਨੂੰ ਦਿਤੀਆਂ ਜਾਣਗੀਆਂ ਤਾਂਕਿ 1984 ਦੇ ਸਰਕਾਰੀ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਖਤ ਸਜਾਵਾਂ ਜਲਦੀ ਦਿੱਤੀਆਂ ਜਾਣ।

**ਸਾਕਾ ਨੀਲਾ ਤਾਰਾ ਸਮੇਂ ਲਗੀਆਂ ਗੋਲੀਆਂ**

ਅੰਮ੍ਰਿਤਸਰ, 25 ਜੂਨ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸੱਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਜੂਨ 1984 ਵਿਚ ਹੋਏ ਫੌਜੀ ਕਾਰਵਾਈ ਦੌਰਾਨ ਲੱਗੀਆਂ ਗੋਲੀਆਂ ਦੇ ਨਿਸ਼ਾਨਾਂ ਨੂੰ ਸਾਂਭਣ ਲਈ ਉਪਰਾਲੇ ਅਰੰਭੇ ਗਏ ਹਨ। ਸ਼੍ਰੋਮਣੀ ਕਮੇਟੀ ਵਲੋਂ ਬਣਾਈ ਗਈ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਸਾਬਕਾ ਪ੍ਰਧਾਨ ਹੇਠ ਬਣਾਈ ਗਈ ਸਬ ਕਮੇਟੀ ਨੇ ਇਸ ਦੀ ਸਿਫਾਰਿਸ਼ ਕੀਤੀ ਸੀ।

**ਬੁਸ਼ ਵਲੋਂ 300 ਸਾਲਾ ਸਮਾਗਮਾਂ ਲਈ ਵਧਾਈ**

ਵਾਸ਼ਿੰਗਟਨ, 25 ਜੂਨ-ਅਮਰੀਕਾ ਦੇ ਰਾਸ਼ਟਰਪਤੀ ਜ਼ਾਰਜ ਬੁਸ਼ ਡਬਲਯੂ ਬੁਸ਼ ਨੇ ਵਾਈਟ ਹਾਊਸ ਤੇ ਇਕ ਪੱਤਰ ਜਾਰੀ ਕਰਕੇ ਵਿਸ਼ਵ ਵਿਚ ਵਸਦੇ ਸਿੱਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 300 ਵੇਂ ਸਮਾਗਮਾਂ ਲਈ ਵਧਾਈ ਦਿੱਤੀ ਹੈ। ਇਹ ਪੱਤਰ ਕੌਂਸ਼ਲ ਆਫ ਸਿੱਖ ਇਜ਼ਮ ਐਂਡ ਐਜੂਕੇਸ਼ਨ ਨੂੰ ਪ੍ਰਾਪਤ ਹੋਇਆ ਹੈ।

**ਫੀਲਡ ਮਾਰਸ਼ਲ ਮਾਣਕਸ਼ਾਹ ਦੀ ਹਾਲਤ ਨਾਜ਼ੁਕ**

ਨਵੀਂ ਦਿੱਲੀ, 26 ਜੂਨ-1971 ਭਾਰਤ-ਪਾਕਿ ਜੰਗ ਵੇਲੇ ਸੈਨਾ ਮੁਖੀ 94 ਸਾਲਾਂ ਫੀਲਡ ਮਾਰਸ਼ਲ ਮਾਣਕਸ਼ਾਹ ਦਾ ਦੇਹਾਂਤ ਹੋ ਗਿਆ ਹੈ ਅਤੇ ਉਹ ਵਾਸ਼ਿੰਗਟਨ ਹਸਪਤਾਲ ਚੈਨਈ ਵਿਚ ਜ਼ੇਰੇ ਇਲਾਜ ਸਨ। ਉਹਨਾਂ ਦੀ ਸਭ ਤੋਂ ਵੱਡੀ ਸਫਲਤਾ 1971 ਜੰਗ ਵਿਚ ਪਾਕਿਸਤਾਨ ਫੌਜ ਦੇ ਜਨਰਲ ਨਿਆਜ਼ੀ ਅਤੇ 90,000 ਤੋਂ ਵੱਧ ਫੌਜ਼ੀਆਂ ਦਾ ਲੈ. ਜਨਰਲ ਜਗਜੀਤ ਸਿੰਘ ਅਰੋੜਾ ਸਾਹਮਣੇ ਤਤਕਾਲ ਪੂਰਬੀ ਪਾਕਿਸਤਾਨ ਦੀ ਰਾਜਧਾਨੀ ਢਾਕਾ ਵਿਖੇ ਆਤਮ ਸਮਰਪਣ ਕਰਨਾ ਸੀ। 1972 ਵਿਚ ਉਹਨਾਂ ਨੂੰ ਪਦਮ ਵਿਭੂਸ਼ਨ ਨਾਲ ਸਨਮਾਨਿਤ ਕੀਤਾ ਅਤੇ ਉਹ ਸੈਨਾ ਦੇ ਸਭ ਤੋਂ ਉੱਚੇ ਪਦ ਤੇ ਪਹਿਲੇ ਫੀਲਡ ਮਾਰਸ਼ਲ ਸਨ।